# ਦਫ਼ਤਰ ਜ਼ਿਲ੍ਹਾ ਚੋਣ ਅਫਸਰ, ਮਾਨਸਾ

**OFFICE OF THE**
**DISTRICT ELECTION OFFICER, MANSA**
*(Room No. 43-45, 2nd Floor Mini Secretariat)*
Phone/Fax No. 01652-227687 E-mail :-electeh.mansa16@gmail.com


*ਜ਼ਿੰਮੇਵਾਰ ਬਣੋ, ਵੋਟਰ ਬਣੋ*      *ਜ਼ਿੰਮੇਵਾਰ ਬਣੋ, ਵੋਟਰ ਬਣੋ*

ਐਸ.ਜੀ.ਪੀ.ਸੀ ਦੀ ਚੋਣਾਂ ਲਈ ਵੋਟਰ ਸੂਚੀਆਂ ਦੀ ਤਿਆਰੀ- ਸਪੈਸ਼ਲ ਕੈਂਪ

**ਹੁਕਮ**

ਕਮਿਸ਼ਨਰ, ਗੁਰਦੁਆਰਾ ਚੋਣਾਂ, ਪੰਜਾਬ ਜੀ ਵੱਲੋਂ ਜਾਰੀ ਰਿਵਾਈਜ਼ਡ ਸ਼ਡਿਊਲ ਅਨੁਸਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਬੋਰਡ) ਦੀਆਂ ਵੋਟਾਂ ਬਣਾਉਣ ਦਾ ਕੰਮ ਮਿਤੀ 29.02.2024 ਤੱਕ ਮੁਕੰਮਲ ਕੀਤਾ ਜਾਣਾ ਹੈ। ਪਿਛਲੀਆਂ ਐਸ.ਜੀ.ਪੀ.ਸੀ. ਚੋਣਾਂ-2011 ਦੌਰਾਨ ਇਸ ਜਿਲ੍ਹੇ ਵਿੱਚ ਬਣੀਆ 208995 ਵੋਟਾਂ ਦੇ ਮੁਕਾਬਲੇ ਹੁਣ ਤੱਕ ਜਿਲ੍ਹੇ ਵਿੱਚ 79424 ਵੋਟਾਂ ਬਣੀਆਂ ਹਨ।

ਮਿਥੇ ਸਮੇਂ ਅੰਦਰ ਉਕਤ ਟੀਚੇ ਨੂੰ ਪੂਰਾ ਕਰਨ ਲਈ **ਮਿਤੀ 17.02.2024 (ਸ਼ਨੀਵਾਰ), 18.02.2024 (ਐਤਵਾਰ), 24.02.2024 (ਸ਼ਨੀਵਾਰ), 25.02.2024 (ਐਤਵਾਰ) ਅਤੇ ਮਿਤੀ 29.02.2024 (ਵੀਰਵਾਰ)** ਨੂੰ ਸਵੇਰੇ 9.00 ਵਜੇ ਤੋਂ ਸ਼ਾਮ 5.00 ਵਜੇ ਤੱਕ ਸਪੈਸ਼ਲ ਕੈਂਪ ਲਗਾਏ ਜਾਣਗੇ। ਸਪੈਸ਼ਲ ਕੈਂਪਾਂ ਦੌਰਾਨ ਪਟਵਾਰੀ, ਪੰਚਾਇਤ ਸਕੱਤਰ, ਨਗਰ ਕੌਂਸਿਲ ਦੇ ਕਰਮਚਾਰੀ ਅਤੇ ਬੀ.ਐਲ.ਓਜ਼. ਵੱਲੋਂ ਏਰੀਏ ਵਿਚ ਡੋਰ ਟੂ ਡੋਰ ਜਾ ਕੇ ਯੋਗ ਬਿਨੈਕਾਰਾਂ ਪਾਸੋਂ ਫਾਰਮ ਪ੍ਰਾਪਤ ਕੀਤੇ ਜਾਣਗੇ। ਸਪੈਸ਼ਲ ਕੈਂਪ ਦੀ ਸਮਾਪਤੀ ਉਪਰੰਤ ਬੀ.ਐਲ.ਓਜ ਆਪਣੇ ਸੁਪਰਵਾਈਜ਼ਰੀ ਅਫਸਰਾਂ ਪਾਸ, ਪੰਚਾਇਤ ਸਕੱਤਰ ਆਪਣੇ ਬੀ.ਡੀ.ਪੀ.ਓ. ਪਾਸ, ਨਗਰ ਕੌਂਸਿਲ ਦੇ ਕਰਮਚਾਰੀ ਆਪਣੇ ਈ.ਓ. ਪਾਸ ਅਤੇ ਪਟਵਾਰੀ ਸਬੰਧਤ ਫੀਲਡ ਕਾਨੂੰਗੋ ਪਾਸ ਫਾਰਮ ਜਮ੍ਹਾਂ ਕਰਵਾਉਣਗੇ। ਸਮੂਹ ਸੁਪਰਵਾਈਜ਼, ਬੀ.ਡੀ.ਪੀ.ਓ, ਈ.ਓ. ਅਤੇ ਫੀਲਡ ਕਾਨੂੰਗੋ ਸਾਰੇ ਫਾਰਮ ਇਕੱਤਰ ਕਰਕੇ ਸਬੰਧਤ ਰਿਵਾਇਜਿੰਗ ਅਥਾਰਟੀਜ਼ ਪਾਸ ਜਮ੍ਹਾਂ ਕਰਵਾਉਣਗੇ।

ਸਮੂਹ ਰਿਵਾਈਜਿੰਗ ਅਥਾਰਟੀਜ਼ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਸਪੈਸ਼ਲ ਕੈਂਪਾਂ ਦੀ ਪ੍ਰਗਤੀ ਰਿਪੋਰਟ ਉਕਤ ਮਿਤੀਆਂ ਨੂੰ ਸ਼ਾਮ 5.00 ਵਜੇ ਵਟਸਐੱਪ ਗਰੁੱਪ ਵਿਚ ਸ਼ੇਅਰ ਕੀਤੀ ਜਾਵੇ ਅਤੇ ਇਹ ਸੂਚਨਾ ਪਿੰਡ/ਵਾਰਡਵਾਈਜ਼ ਐਕਸ਼ਲ ਸ਼ੀਟ ਵਿੱਚ ਤਿਆਰ ਕੀਤੀ ਜਾਵੇ।

ਬਿਨੈਕਾਰਾਂ ਪਾਸੋਂ ਫਾਰਮ ਪ੍ਰਾਪਤ ਕਰਦੇ ਸਮੇਂ ਫਾਰਮ 3(1) ਵਿਚ ਦਰਜ਼ ਹਦਾਇਤਾਂ ਨੂੰ ਧਿਆਨ ਵਿੱਚ ਰੱਖਿਆ ਜਾਵੇ।

ਮਿਤੀ 13.02.2024

ਡਿਪਟੀ ਕਮਿਸ਼ਨਰ,
ਮਾਨਸਾ।

ਪਿੱਠ ਅੰਕਣ ਨੰ. ਗੁਰਦੁਆਰਾ ਚੋਣਾਂ-2024/ ੫੮੫-੯੨      ਮਿਤੀ 13.02.2024

ਉਪਰੋਕਤ ਦਾ ਉਤਾਰਾ:-

1. ਕਮਿਸ਼ਨਰ, ਗੁਰਦੁਆਰਾ ਚੋਣਾਂ, ਪੰਜਾਬ ਜੀ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ।
2. ਸਮੂਹ ਰਿਵਾਈਜਿੰਗ ਅਥਾਰਟੀਜ਼ ਅਤੇ ਸਹਾਇਕ ਰਿਵਾਈਜਿੰਗ ਅਥਾਰਟੀਜ਼ ਨੂੰ ਲਿਖਿਆ ਜਾਂਦਾ ਹੈ ਕਿ ਸਮੂਹ ਪਟਵਾਰੀਆਂ/ਬੀ.ਐਲ.ਓਜ਼./ਪੰਚਾਇਤ ਸਕੱਤਰ/ਨਗਰ ਕੌਂਸਿਲ ਦੇ ਕਰਮਚਾਰੀਆਂ ਨੂੰ ਸਪੈਸ਼ਲ ਕੈਂਪ ਦੀਆਂ ਮਿਤੀਆਂ ਬਾਰੇ ਜਾਣੂ ਕਰਵਾਇਆ ਜਾਵੇ। ਜਿੰਨਾਂ ਪਿੰਡਾਂ/ਵਾਰਡਾਂ ਵਿਚ ਹੁਣ ਤੱਕ ਫਾਰਮ ਘੱਟ ਪ੍ਰਾਪਤ ਹੋਏ ਹਨ, ਉਥੇ ਖੁਦ/ਸਬੰਧਤ ਅਧਿਕਾਰੀ ਨੂੰ ਭੇਜਿਆ ਜਾਵੇ ਅਤੇ ਯੋਗ ਨਾਗਰਿਕਾਂ ਨੂੰ ਵੋਟ ਬਣਾਉਣ ਲਈ ਪ੍ਰੇਰਿਤ ਕੀਤਾ ਜਾਵੇ। ਵਿਜਟ ਕੀਤੇ ਗਏ ਸਥਾਨ ਦੀ ਲੋਕੇਸ਼ਨ/ਫੋਟੋ ਗਰੁੱਪ ਵਿਚ ਸ਼ੇਅਰ ਕੀਤੀ ਜਾਵੇ।
3. ਸਮੂਹ ਚੋਣਕਾਰ ਰਜਿਸਟਰੇਸ਼ਨ ਅਫਸਰਾਂ ਨੂੰ ਲਿਖਿਆ ਜਾਂਦਾ ਹੈ ਕਿ ਸਪੈਸ਼ਲ ਕੈਂਪਾਂ ਦੌਰਾਨ ਸਮੂਹ ਬੀ.ਐਲ.ਓਜ਼. ਦੀ ਹਾਜ਼ਰੀ ਯਕੀਨੀ ਬਣਾਈ ਜਾਵੇ। ਸਮੂਹ ਸੁਪਰਵਾਈਜ਼ਰ ਉਕਤ ਮਿਤੀਆਂ ਨੂੰ ਆਪਣੇ ਅਧੀਨ ਆਉਂਦੇ ਪੋਲਿੰਗ ਸਟੇਸ਼ਨਾਂ ਦੀ ਚੈਕਿੰਗ ਕਰਨਗੇ ਅਤੇ ਪੋਲਿੰਗ ਸਟੇਸ਼ਨਵਾਈਜ਼ ਲੋਕੇਸ਼ਨ/ਫੋਟੋ ਗਰੁੱਪ ਵਿਚ ਸ਼ੇਅਰ ਕਰਨਾ ਯਕੀਨੀ ਬਣਾਉਣਗੇ।
4. ਜਿਲ੍ਹਾ ਮਾਲ ਅਫਸਰ, ਮਾਨਸਾ ਨੂੰ ਲਿਖਿਆ ਜਾਂਦਾ ਹੈ ਕਿ ਸਪੈਸ਼ਲ ਕੈਂਪ ਦੀਆਂ ਮਿਤੀਆਂ ਨੂੰ ਸਮੂਹ ਪਟਵਾਰੀਆਂ ਦੀ ਹਾਜ਼ਰੀ ਯਕੀਨੀ ਬਣਾਈ ਜਾਵੇ।
5. ਜਿਲ੍ਹਾ ਵਿਕਾਸ ਅਤੇ ਪੰਚਾਇਤ ਅਫਸਰ, ਮਾਨਸਾ ਨੂੰ ਲਿਖਿਆ ਜਾਂਦਾ ਹੈ ਕਿ ਸਮੂਹ ਪੰਚਾਇਤ ਸਕੱਤਰਾਂ (ਰਾਹੀ ਬੀ.ਡੀ.ਪੀ.ਓਜ਼.) ਦੀ ਡਿਊਟੀ ਸਪੈਸ਼ਲ ਕੈਂਪਾਂ ਦੌਰਾਨ ਲਗਾਈ ਜਾਵੇ। ਵੋਟਰ ਰਜਿਸਟ੍ਰੇਸ਼ਨ ਲਈ ਲਾਊਡ ਸਪੀਕਰਾਂ ਰਾਹੀਂ ਸਮੂਹ ਪਿੰਡਾ ਵਿੱਚ ਮੁਸ਼ਤਰੀ-ਮੁਨਾਦੀ ਵੀ ਕਰਵਾਈ ਜਾਵੇ।
6. ਸਮੂਹ ਕਾਰਜ ਸਾਧਕ ਅਫਸਰ, ਜਿਲ੍ਹਾ ਮਾਨਸਾ ਨੂੰ ਲਿਖਿਆ ਜਾਂਦਾ ਹੈ ਕਿ ਸ਼ਹਿਰਾ ਵਿੱਚ ਫਾਰਮ ਪ੍ਰਾਪਤੀ ਦੀ ਪ੍ਰਗਤੀ ਬਹੁਤ ਘੱਟ ਹੈ ਇਸ ਵੱਲ ਵਿਸ਼ੇਸ਼ ਧਿਆਨ ਦਿੰਦੇ ਹੋਏ ਆਪਣੇ ਸਟਾਫ ਨੂੰ ਨਿਯਤ ਮਿਤੀਆਂ ਨੂੰ ਵੱਧ ਤੋਂ ਵੱਧ ਫਾਰਮ ਇਕੱਤਰ ਕਰਨ ਲਈ ਪਾਬੰਦ ਕੀਤਾ ਜਾਵੇ।
7. ਜਿਲ੍ਹਾ ਲੋਕ ਸੰਪਰਕ ਅਫਸਰ, ਮਾਨਸਾ ਨੂੰ ਲਿਖਿਆ ਜਾਂਦਾ ਹੈ ਕਿ ਵੋਟਰ ਰਜਿਸਟ੍ਰੇਸ਼ਨ ਲਈ ਜਾਗਰੂਕ ਕਰਨ ਲਈ ਸਪੈਸ਼ਲ ਕੈਂਪ ਦੀਆਂ ਉਕਤ ਮਿਤੀਆਂ ਬਾਰੇ ਅਖਬਾਰਾਂ ਵਿਚ ਪ੍ਰੈਸ ਨੋਟ ਜਾਰੀ ਕੀਤੇ ਜਾਣ।
8. ਜਿਲ੍ਹਾ ਸਿੱਖਿਆ ਅਫਸਰ (ਸੈ.ਸਿੱ.) ਅਤੇ ਜਿਲ੍ਹਾ ਸਿੱਖਿਆ ਅਫਸਰ (ਐਲਿ.ਸਿੱ.) ਮਾਨਸਾ ਪਾਸ ਅਗਲੇਰੀ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।
9. ਸਮੂਹ ਵਿਭਾਗਾਂ/ਦਫਤਰਾਂ ਦੇ ਮੁੱਖੀਆਂ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਜਿੰਨ੍ਹਾਂ ਕਰਮਚਾਰੀਆਂ ਦੀ ਬੀ.ਐਲ.ਓਜ਼. ਡਿਊਟੀ ਲੱਗੀ ਹੋਈ ਹੈ, ਉਹਨਾਂ ਨੂੰ ਸਪੈਸ਼ਲ ਕੈਂਪਾਂ ਦੌਰਾਨ ਡਿਊਟੀ ਤੇ ਹਾਜ਼ਰ ਰਹਿਣ ਲਈ ਜਾਣੂ ਕਰਵਾਇਆ ਜਾਵੇ।

ਡਿਪਟੀ ਕਮਿਸ਼ਨਰ,
ਮਾਨਸਾ।

ਦਫ਼ਤਰ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ:ਸਿ) ਮਾਨਸਾ

ਪਿ:ਅੰ:ਨੰ:/ ਸੀ-2/ ਛੁੱਟੀ/2024/ ਅੱਖਰ-(1) ਮਿਤੀ 14/02/2024 ਮਾਨਸਾ

ਉਪਰੋਕਤ ਦਾ ਉਤਾਰਾ ਸਮੂਹ ਸਕੂਲ ਮੁਖੀਆਂ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਸਬੰਧਤ ਕਰਮਚਾਰੀਆਂ ਨੂੰ ਆਪਣੀ ਡਿਊਟੀ ਲਈ ਪਾਬੰਦ ਕੀਤਾ ਜਾਵੇ।

ਵਾਸਤੇ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ:ਸਿ)
ਮਾਨਸਾ